Punjabi

# NSW Health
# ਰੋਗੀਆਂ ਲਈ ਗੁਪਤਤਾ ਇਸ਼ਤਿਹਾਰ

## ਸਾਡੇ ਫਰਜ਼

ਅਸੀਂ ਗੁਪਤਤਾ ਕਨੂੰਨ ਮੁਤਾਬਕ ਤੁਹਾਡੀ ਨਿਜੀ ਜਾਣਕਾਰੀ ਦਾ ਪ੍ਰਬੰਧ ਕਰਨ ਲਈ ਵਚਨਬੱਧ ਹਾਂ।

ਇਹ ਇਸ਼ਤਿਹਾਰ ਵੇਰਵਾ ਦਿੰਦਾ ਹੈ ਕਿ ਅਸੀਂ ਤੁਹਾਡੇ ਬਾਰੇ ਨਿਜੀ ਜਾਣਕਾਰੀ ਨੂੰ ਕਿਵੇਂ ਅਤੇ ਕਿਉਂ ਇੱਕਠਾ ਕਰਦੇ ਹਾਂ, ਕਿ ਤੁਸੀਂ ਆਪਣੀ ਜਾਣਕਾਰੀ ਤਕ ਕਿਵੇਂ ਪਹੁੰਚ ਪ੍ਰਾਪਤ ਕਰ ਸਕਦੇ ਹੋ ਅਤੇ ਕਿ NSW ਜਨਤਕ ਸਿਹਤ ਸੇਵਾ ਵਿੱਚ ਤੁਹਾਡੀ ਜਾਣਕਾਰੀ ਦਾ ਇਸਤੇਮਾਲ ਕਿਵੇਂ ਕੀਤਾ ਜਾ ਸਕਦਾ ਹੈ ਜਾਂ ਇਸਦਾ ਖੁਲਾਸਾ ਦੂਜੀਆਂ ਪਾਰਟੀਆਂ ਨੂੰ ਕਿਵੇਂ ਕੀਤਾ ਜਾ ਸਕਦਾ ਹੈ।

## ਤੁਹਾਡੀ ਨਿਜੀ ਜਾਣਕਾਰੀ ਨੂੰ ਇੱਕਠਾ ਕਰਨਾ

ਜਿੱਥੇ ਸੰਭਵ ਹੁੰਦਾ ਹੈ ਅਸੀਂ ਸਿੱਧੇ ਤੁਹਾਡੇ ਕੋਲੋਂ ਜਾਣਕਾਰੀ ਪ੍ਰਾਪਤ ਕਰਦੇ ਹਾਂ। ਜੇਕਰ ਅਜਿਹਾ ਕਰਨਾ ਸੰਭਵ ਨਾ ਹੋਵੇ, ਜਾਂ ਕਿਸੇ ਸੰਕਟ ਦੀ ਸਥਿਤੀ ਸਮੇਂ ਹੋ ਸਕਦਾ ਹੈ ਕਿ ਸਾਨੂੰ ਪਰਿਵਾਰ ਦੇ ਕਿਸੇ ਸਦੱਸ, ਕਿਸੇ ਦੋਸਤ-ਮਿੱਤਰ, ਦੇਖਭਾਲਕਰਤਾ ਜਾਂ ਕਿਸੇ ਅਜਿਹੇ ਦੂਜੇ ਵਿਅਕਤੀ ਕੋਲੋਂ ਜਾਣਕਾਰੀ ਇੱਕਠੀ ਕਰਨ ਦੀ ਲੋੜ ਵੀ ਪਵੇ ਜੋ ਤੁਹਾਨੂੰ ਉਚਿਤ ਸਿਹਤ ਦੇਖਭਾਲ ਪ੍ਰਦਾਨ ਕਰਨ ਵਿੱਚ ਸਾਡੀ ਮਦਦ ਕਰ ਸਕਦਾ ਹੈ।

## ਇੱਕਠੀ ਕੀਤੀ ਜਾਣਕਾਰੀ ਦੀ ਸੁਰੱਖਿਆ

ਤੁਹਾਡੀ ਜਾਣਕਾਰੀ ਨੂੰ ਕਈ ਵੱਖ-ਵੱਖ ਤਰੀਕਿਆਂ ਨਾਲ NSW ਜਨਤਕ ਸਿਹਤ ਸੇਵਾ ਦੇ ਅੰਤਰਗਤ ਰਖਿਆ ਜਾ ਸਕਦਾ ਹੈ। ਸਭ ਤੋਂ ਆਮ ਤਰੀਕੇ ਨਾਲ, ਤੁਹਾਡੀ ਜਾਣਕਾਰੀ ਪੇਪਰ ਹੇਲਥ ਰਿਕਾਰਡ ਅਤੇ/ਜਾਂ ਇੱਕ ਸੁਰੱਖਿਅਤ ਕੰਪਿਊਟਰਾਇਜ਼ਡ ਡਾਟਾਬੇਸ ਦੇ ਭਾਗ ਦੇ ਤੌਰ ਦੇ ਰੂਪ ਵਿੱਚ ਇਲੈਕਟ੍ਰਾਨਿਕ ਹੇਲਥ ਰਿਕਾਰਡ ਦੇ ਰੂਪ ਵਿੱਚ ਰੱਖੀ ਜਾ ਸਕਦੀ ਹੈ। ਹੋ ਸਕਦਾ ਹੈ ਕਿ ਕੁਝ ਜਾਣਕਾਰੀ ਨੂੰ ਇੱਕ ਇਮੇਜ਼ (ਤਸਵੀਰ) ਦੇ ਰੂਪ ਵਿੱਚ ਰੱਖਿਆ ਜਾਵੇ ਜਿਵੇਂ ਕਿ ਐਕਸ-ਰੇ ਜਾਂ ਫੋਟੋਗ੍ਰਾਫ, ਜਾਂ ਕੋਈ ਆਡੀਓ ਜਾਂ ਵੀਡੀਓ ਰਿਕਾਰਡਿੰਗ।

ਅਸੀਂ ਸਾਰੇ ਫਾਰਮੇਟਾਂ ਵਿੱਚ ਨਿਜੀ ਜਾਣਕਾਰੀ ਦੀ ਸੁਰੱਖਿਅਤ ਸਾਂਭ ਨਾਲ ਸੰਬੰਧਤ ਸਖਤ ਨਿਯਮਾਂ ਅਤੇ ਨੀਤੀਆਂ ਦਾ ਪਾਲਣ ਕਰਦੇ ਹਾਂ ਤਾਂਜੋ ਤੁਹਾਡੀ ਜਾਣਕਾਰੀ ਨੂੰ ਅਣਅਧਿਕਾਰਤ ਪਹੁੰਚ, ਨੁਕਸਾਨ ਜਾਂ ਕੋਈ ਹੋਰ ਦੁਰਵਰਤੋਂ ਤੋਂ ਸੁਰੱਖਿਅਤ ਰੱਖਿਆ ਜਾ ਸਕੇ।

## ਜਾਣਕਾਰੀ ਦਾ ਇਸਤੇਮਾਲ ਜਾਂ ਇਸਦਾ ਖੁਲਾਸਾ

ਤੁਹਾਨੂੰ ਉਚਿਤ ਦੇਖਭਾਲ ਅਤੇ ਇਲਾਜ ਪ੍ਰਦਾਨ ਕਰਨਾ ਸੰਭਵ ਬਣਾਉਣ ਲਈ ਪੇਪਰ ਜਾਂ ਇਲੈਕਟ੍ਰਾਨਿਕ ਫਾਰਮੇਟ ਵਿੱਚ ਰੱਖੀ ਤੁਹਾਡੀ ਨਿਜੀ ਸਿਹਤ ਜਾਣਕਾਰੀ ਦਾ ਇਸਤੇਮਾਲ NSW ਜਨਤਕ ਸਿਹਤ ਸੇਵਾ ਦੁਆਰਾ ਕੀਤਾ ਜਾ ਸਕਦਾ ਹੈ, ਜਾਂ ਇਸਦਾ ਖੁਲਾਸਾ ਸਿਹਤ ਸੇਵਾ ਦੇ ਬਾਹਰ ਕਿਸੇ ਨੂੰ ਕੀਤਾ ਜਾ ਸਕਦਾ ਹੈ। ਉਦਾਹਰਨ ਵਜੋਂ, ਹੋ ਸਕਦਾ ਹੈ ਕਿ ਤੁਹਾਡੀ ਜਾਣਕਾਰੀ ਦਾ ਇਸਤੇਮਾਲ ਜਾਂ ਖੁਲਾਸਾ ਹੇਠ ਲਿਖੇ ਅਨੁਸਾਰ ਕੀਤਾ ਜਾਵੇ:

- ਤੁਹਾਡੀ ਦੇਖਭਾਲ ਅਤੇ ਇਲਾਜ ਵਿੱਚ ਸ਼ਾਮਲ ਇਲਾਜ ਕਰਨ ਵਾਲੀਆਂ ਦੂਜੀਆਂ ਸਿਹਤ ਸੇਵਾਵਾਂ, ਹਸਪਤਾਲਾਂ ਜਾਂ ਮੈਡੀਕਲ ਸਪੇਸ਼ਲਿਸਟਾਂ ਨੂੰ
- ਤੁਹਾਡੇ ਨਾਮਜ਼ਦ GP ਨੂੰ, ਜਿਸ ਵਿੱਚ ਤੁਹਾਡੇ ਡਿਸਚਾਰਜ ਰੇਫਰਲ ਦਸਤਾਵੇਜ਼ਾਂ ਨਾਲ ਪ੍ਰਦਾਨ ਕੀਤੀ ਜਾਣਕਾਰੀ ਸ਼ਾਮਲ ਹੈ
- ਅੱਗੇ ਦੀਆਂ ਅਪਾਇੰਟਮੇਂਟਾਂ ਬਾਰੇ ਘਰ ਵਿੱਚ ਤੁਹਾਡੇ ਨਾਲ ਸੰਪਰਕ ਕਰਨ ਲਈ
- ਤੁਹਾਡੇ ਦੇਖਭਾਲਕਰਤਾ ਨੂੰ ਤਾਂਜੋ ਤੁਹਾਡੀ ਦੇਖਭਾਲ ਕਰਨ ਲਈ ਉਹਨਾਂ ਦੀ ਮਦਦ ਕੀਤੀ ਜਾ ਸਕੇ
- NSW ਦੀ ਐਂਬੂਲੈਂਸ ਸੇਵਾ ਨੂੰ
- ਪਥਾਲਜੀ ਟੈਸਟ, ਐਕਸ-ਰੇ ਵਗੈਰਾ ਕਰਾਉਣ ਲਈ
- ਤੁਹਾਡੇ ਕੋਲੋਂ ਸਾਡੇ ਤੋਂ ਮਿਲੀਆਂ ਸੇਵਾਵਾਂ ਬਾਰੇ ਪ੍ਰਤਿਕ੍ਰਿਆ ਲੈਣ ਲਈ ਤੁਹਾਡੇ ਨਾਲ ਸੰਪਰਕ ਕਰਨ ਲਈ ਤਾਂਜੋ ਸਾਨੂੰ ਆਪਣੀਆਂ ਸੇਵਾਵਾਂ ਦਾ ਮੁਲਾਂਕਣ ਕਰਨ ਅਤੇ ਇਹਨਾਂ ਨੂੰ ਬਿਹਤਰ ਬਣਾਉਣ ਵਿੱਚ ਮਦਦ ਮਿਲ ਸਕੇ
- ਬਿਲਿੰਗ ਅਤੇ ਕਰਜ਼ੇ ਦੀ ਵਸੂਲੀ ਲਈ
- ਆਤਮਕ ਅਤੇ ਪੇਸਟੋਰਲ ਦੇਖਭਾਲ ਪ੍ਰਦਾਨ ਕਰਨ ਵਾਲੇ ਪੇਸਟੋਰਲ ਦੇਖਭਾਲ ਕਰਮਚਾਰਿਆਂ ਨੂੰ, ਇਨ੍ਹਾਂ ਵਿੱਚ ਹਸਪਤਾਲ ਦੇ ਚੈਪਲਨ (ਪਾਦਰੀ) ਸ਼ਾਮਲ ਹਨ
- ਟ੍ਰੇਨਿੰਗ ਦੇ ਉਦੇਸ਼ਾਂ ਲਈ ਵਿਦਿਆਰਥੀਆਂ ਅਤੇ ਹੋਰ ਕਰਮਚਾਰੀਆਂ ਨੂੰ
- ਦੂਜੀਆਂ ਸਿਹਤ ਸੇਵਾਵਾਂ ਅਤੇ ਅਧਿਕਾਰ-ਪ੍ਰਾਪਤ ਤੀਜੇ ਪੱਖਾਂ ਨੂੰ ਤਾਂਜੋ ਕਿਸੇ ਦੀ ਜਿੰਦਗੀ, ਸਿਹਤ ਜਾਂ ਕਲਿਆਣ ਤੇ ਕਿਸੇ ਗੰਭੀਰ ਅਤੇ ਅਟੱਲ ਖਤਰੇ ਨੂੰ ਰੋਕਣ ਵਿੱਚ ਮਦਦ ਕੀਤੀ ਜਾ ਸਕੇ, ਜਿਵੇਂ ਕਿ ਸੰਕਟ ਦੀ ਸਥਿਤੀ ਵਿੱਚ
- ਕਿਸੇ ਸ਼ਿਕਾਇਤ, ਕਨੂੰਨੀ ਕਾਰਵਾਈ, ਜਾਂ ਸਿਹਤ ਸੇਵਾ ਜਾਂ ਇਲਾਜ ਕਰਨ ਵਾਲੇ ਕਿਸੇ ਸਿਹਤ ਪੇਸ਼ੇਵਰ ਦੇ ਖਿਲਾਫ ਕੀਤੇ ਦਾਅਵੇ ਦੀ ਵਿਵਸਥਾ ਕਰਨ ਦੇ ਉਦੇਸ਼ ਲਈ ਕਲੇਮ ਮੈਨੇਜਰਾਂ ਅਤੇ ਸੰਬੰਧਤ ਵਿਅਕਤੀਆਂ ਨੂੰ
- ਸਿਹਤ ਸੇਵਾ ਦੇ ਸੰਚਾਲਨ ਅਤੇ ਸਾਡੇ ਰੋਗੀਆਂ ਦੇ ਇਲਾਜ ਨਾਲ ਸੰਬੰਧਤ ਉਦੇਸ਼ਾਂ ਲਈ, ਇਸ ਵਿੱਚ ਫੰਡਿੰਗ, ਯੋਜਨਾਬੰਦੀ, ਸੁਰੱਖਿਆ ਅਤੇ ਕੁਆਲਿਟੀ ਸੁਧਾਰ ਗਤਿਵਿਧੀਆਂ ਸ਼ਾਮਲ ਹਨ।

**ਜੇਕਰ ਤੁਸੀਂ ਚਾਹੁੰਦੇ ਹੋ ਕਿ ਅਸੀਂ ਤੁਹਾਡੇ ਨਾਲ ਸੰਬੰਧਤ ਕਿਸੇ ਖਾਸ ਜਾਣਕਾਰੀ ਨੂੰ ਇੱਕਠਾ ਨਾ ਕਰੀਏ, ਇਸਦਾ ਇਸਤੇਮਾਲ ਜਾਂ ਖੁਲਾਸਾ ਨਾ ਕਰੀਏ, ਤਾਂ ਤੁਹਾਡੇ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਸਾਨੂੰ ਇਹ ਦੱਸੋ ਅਤੇ ਅਸੀਂ ਤੁਹਾਡੇ ਨਾਲ ਇਸਤੋਂ ਤੁਹਾਡੀ ਸਿਹਤ ਦੇਖਭਾਲ ਤੇ ਹੋ ਸਕਣ ਵਾਲੇ ਪਰਿਣਾਮਾਂ ਦੀ ਚਰਚਾ ਕਰਾਂਗੇ।**

ਕਨੂੰਨ ਤੁਹਾਡੀ ਨਿਜੀ ਸਿਹਤ ਜਾਣਕਾਰੀ ਦਾ ਖੁਲਾਸਾ ਹੇਠਾਂ ਦਿੱਤੇ ਕਿਸੇ ਤੀਜੇ ਪੱਖਾਂ ਨੂੰ ਕਰਨ ਦਾ ਅਧਿਕਾਰ ਦਿੰਦਾ ਹੈ ਜਾਂ ਅਜਿਹਾ ਕਰਨਾ ਲਾਜ਼ਮੀ ਬਣਾਉਂਦਾ ਹੈ:

- ਕਨੂੰਨੀ ਰਿਪੋਰਟਿੰਗ ਦੇ ਉਦੇਸ਼ਾਂ ਲਈ ਰਾਜ ਅਤੇ ਕਾਮਨਵੇਲਥ ਦੀਆਂ ਸਰਕਾਰੀ ਸੰਸਥਾਵਾਂ ਨੂੰ ਜਿਵੇਂ ਕਿ ਸੂਚਿਤ ਕੀਤੇ ਜਾਣ ਯੋਗ ਬੀਮਾਰੀਆਂ, ਉਦਾਹਰਣ ਵਜੋਂ ਕੈਂਸਰ ਅਤੇ ਛੂਤ ਦੀਆਂ ਬੀਮਾਰੀਆਂ, ਦੀ ਸੂਚਨਾ ਦੇਣ ਲਈ, ਜਨਮ ਅਤੇ ਮੌਤ ਦੀ ਸੂਚਨਾ ਦੇਣ ਲਈ, ਅਤੇ ਮੈਡੀਕੇਅਰ ਵੇਰਵੇ ਪ੍ਰਦਾਨ ਕਰਨ ਲਈ

- ਮਨੁੱਖੀ ਖੋਜ ਸਦਾਚਾਰ ਕਮੇਟੀ (Human Research Ethics Committee) ਦੁਆਰਾ ਮਨਜ਼ੂਰ ਜਨਤਕ ਹਿੱਤ ਦੇ ਖੋਜ ਪ੍ਰਾਜੈਕਟਾਂ ਲਈ ਖੋਜਕਾਰਾਂ ਨੂੰ

- ਹੋਰਣਾਂ ਸਿਹਤ ਸੇਵਾਵਾਂ ਜਾਂ ਕਨੂੰਨ ਲਾਗੂ ਕਰਨ ਵਾਲੀਆਂ ਸੰਸਥਾਵਾਂ ਨੂੰ ਜਿਵੇਂ ਕਿ ਪੁਲਿਸ, ਉਨ੍ਹਾਂ ਸਥਿਤੀਆਂ ਵਿੱਚ ਜਦੋਂ ਤੁਸੀਂ ਕਿਸੇ ਗੰਭੀਰ ਅਪਰਾਧ ਨਾਲ ਸੰਬੰਧਤ ਜਾਣਕਾਰੀ ਸਾਨੂੰ ਉਪਲਬਧ ਕਰਾਉਂਦੇ ਹੋ ਜਿਵੇਂ ਕਿ ਵਾਰ ਕੀਤੇ ਜਾਣਾ, ਘਰੇਲੂ ਹਿੰਸਾ, ਬੱਚਿਆਂ ਨਾਲ ਬਦਸਲੂਕੀ ਇਤਆਦਿ

- ਹੋਰਣਾਂ ਸੰਸਥਾਵਾਂ ਨੂੰ ਜਿੱਥੇ ਜਾਣਕਾਰੀ ਕਿਸੇ ਬੱਚੇ ਜਾਂ ਨੌਜਵਾਨ ਦੀ ਸੁਰੱਖਿਆ, ਕਲਿਆਣ ਜਾਂ ਹਿੱਤ ਨਾਲ ਸੰਬੰਧਤ ਹੁੰਦੀ ਹੈ

- ਜੇਕਰ ਅਦਾਲਤ ਵਿੱਚ ਸਬੂਤ ਦੇ ਤੌਰ 'ਤੇ ਤੁਹਾਡੀ ਨਿਜੀ ਜਾਣਕਾਰੀ ਦੀ ਲੋੜ ਹੋਵੇ ਤਾਂ ਸਪੀਨਾ ਜਾਂ ਸਰਚ ਵਾਰੰਟ ਦੀ ਪਾਲਣਾ ਕਰਨ ਲਈ।

## Personally controlled eHealth Record (PCEHR)

Personally controlled eHealth Record (PCEHR) ਤੁਹਾਡੀ ਸਿਹਤ ਜਾਣਕਾਰੀ ਦਾ ਇੱਕ ਸੁਰੱਖਿਅਤ ਆਨਲਾਇਨ ਸਾਰ ਹੈ। ਤੁਹਾਡਾ eHealth ਰਿਕਾਰਡ ਤੁਹਾਨੂੰ ਅਤੇ ਤੁਹਾਡੇ ਡਾਕਟਰਾਂ, ਅਸਪਤਾਲਾਂ ਅਤੇ ਦੂਜੇ ਸਿਹਤ-ਦੇਖਭਾਲ ਪ੍ਰਦਾਤਾਵਾਂ ਨੂੰ ਤੁਹਾਡੀ ਸਿਹਤ ਜਾਣਕਾਰੀ ਨੂੰ ਵੇਖਣ ਅਤੇ ਸਾਂਝਾ ਕਰਨ ਦੀ ਇਜ਼ਾਜਤ ਦਿੰਦਾ ਹੈ। ਵਧੇਰੀ ਜਾਣਕਾਰੀ ਲਈ www.ehealth.gov.au ਵੇਖੋ।

## ਤੁਹਾਡੀ ਜਾਣਕਾਰੀ ਤਕ ਪਹੁੰਚ

ਤੁਹਾਨੂੰ NSW ਵਿੱਚ ਸਿਹਤ ਸੇਵਾਵਾਂ ਦੁਆਰਾ ਸਾਂਭੇ ਰੱਖੇ ਤੁਹਾਡੇ ਸਿਹਤ ਰਿਕਾਰਡ ਸਮੇਤ ਸਾਰੀ ਨਿਜੀ ਜਾਣਕਾਰੀ ਤਕ ਪਹੁੰਚ ਪ੍ਰਾਪਤ ਕਰਨ ਦੀ ਅਰਜੀ ਕਰਨ ਦਾ ਅਧਿਕਾਰ ਹੈ। ਆਮ ਤੌਰ 'ਤੇ ਤੁਹਾਨੂੰ ਇਹ ਪਹੁੰਚ ਪ੍ਰਾਪਤ ਕਰਨ ਲਈ ਲਿਖਤੀ ਤੌਰ 'ਤੇ ਅਰਜੀ ਕਰਨ ਅਤੇ ਪਹਿਚਾਣ ਪ੍ਰਦਾਨ ਕਰਨ ਲਈ ਕਿਹਾ ਜਾਵੇਗਾ। ਜੇਕਰ ਤੁਸੀਂ ਆਪਣੀ ਨਿਜੀ ਜਾਣਕਾਰੀ ਜਾਂ ਸਿਹਤ ਰਿਕਾਰਡ ਦੀਆਂ ਕਾਪੀਆਂ ਦੀ ਮੰਗ ਕਰੋਗੇ ਤਾਂ ਤੁਹਾਡੇ ਕੋਲੋਂ ਫੀਸ ਲਈ ਜਾਵੇਗੀ। ਜਾਣਕਾਰੀ ਤਕ ਪਹੁੰਚ ਦੀ ਮੰਗ ਦਾ ਜਵਾਬ ਜਿੰਨੀ ਛੇਤੀ ਸੰਭਵ ਹੋ ਸਕੇਗਾ, ਦਿੱਤਾ ਜਾਵੇਗਾ, ਜਾਂ ਜਿਆਦਾਤਰ ਮਾਮਲਿਆਂ ਵਿੱਚ 28 ਦਿਨਾਂ ਦੇ ਅੰਦਰ ਦਿੱਤਾ ਜਾਵੇਗਾ।

ਕਿਸੇ ਖਾਸ ਪਰਿਸਥਿਤੀਆਂ ਵਿੱਚ ਤੁਹਾਡੀ ਨਿਜੀ ਜਾਣਕਾਰੀ ਤਕ ਪਹੁੰਚ ਨੂੰ ਨਾਮੰਜ਼ੂਰ ਕੀਤਾ ਜਾ ਸਕਦਾ ਹੈ, ਜਿਵੇਂ ਕਿ ਪਹੁੰਚ ਪ੍ਰਦਾਨ ਕਰਨ ਕਰਕੇ ਤੁਹਾਨੂੰ ਜਾਂ ਕਿਸੇ ਹੋਰ ਵਿਅਕਤੀ ਨੂੰ ਮਾਨਸਿਕ ਜਾਂ ਸਰੀਰਕ ਨੁਕਸਾਨ ਦਾ ਖਤਰਾ ਹੋਵੇ।

ਜੇਕਰ ਤੁਹਾਨੂੰ ਲਗਦਾ ਹੈ ਕਿ ਤੁਹਾਡੇ ਬਾਰੇ ਸਾਡੇ ਕੋਲ ਮੌਜੂਦ ਜਾਣਕਾਰੀ ਸਹੀ ਨਹੀਂ ਹੈ ਜਾਂ ਇਸ ਵਿੱਚ ਕੋਈ ਗਲਤੀ ਹੋਈ ਹੈ, ਤਾਂ ਕ੍ਰਿਪਾ ਕਰਕੇ ਸਾਨੂੰ ਦੱਸੋ ਅਤੇ ਅਸੀਂ ਇਸਦੀ ਸੋਧ ਕਰਾਂਗੇ ਜਾਂ ਤੁਹਾਡੇ ਸਿਹਤ ਰਿਕਾਰਡ ਵਿੱਚ ਟਿੱਪਣੀ (ਨੋਟੇਸ਼ਨ) ਸ਼ਾਮਲ ਕਰਾਂਗੇ।

ਆਪਣੇ ਸਿਹਤ ਰਿਕਾਰਡ ਤਕ ਪਹੁੰਚ ਪ੍ਰਾਪਤ ਕਰਨ ਦੀਆਂ ਅਰਜੀਆਂ ਸਿਹਤ ਜਾਣਕਾਰੀ ਸੇਵਾ (Health Information Service) ਜਾਂ ਉਸ ਸਿਹਤ ਸੇਵਾ ਕੇਂਦਰ ਦੇ ਮੈਨੇਜਰ ਨੂੰ ਸੰਬੋਧਿਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਜਿੱਥੇ ਤੁਸੀਂ ਭਾਗ ਲਿਆ ਸੀ।

## ਸਾਨੂੰ ਸੰਪਰਕ ਕਰੋ

ਜੇਕਰ ਆਪਣੀ ਨਿਜੀ ਜਾਣਕਾਰੀ ਦੀ ਗੁਪਤਤਾ ਬਾਰੇ ਤੁਹਾਡੇ ਕੋਈ ਸਵਾਲ ਜਾਂ ਕੋਈ ਸ਼ਿਕਾਇਤ ਹੈ, ਤਾਂ ਕ੍ਰਿਪਾ ਕਰਕੇ ਆਪਣੀ ਸਿਹਤ ਸੇਵਾ ਦੇ ਗੁਪਤਤਾ ਸੰਪਰਕ ਅਧਿਕਾਰੀ (Privacy Contact Officer) ਨਾਲ ਸੰਪਰਕ ਕਰੋ। ਸੰਪਰਕ ਵੇਰਵੇ ਇਸ ਵੈੱਬ-ਸਾਈਟ:
www.health.nsw.gov.au/patients/privacy/Pages/privacy-contact.aspx ਤੇ ਉਪਲਬਧ ਹਨ

## ਅਨੁਵਾਦ ਅਤੇ ਦੁਭਾਸ਼ੀਆ ਸੇਵਾ

ਜੇਕਰ ਤੁਹਾਨੂੰ ਉਪਰੋਕਤ ਸੇਵਾਵਾਂ ਨੂੰ ਸੰਪਰਕ ਕਰਨ ਵਿੱਚ ਮਦਦ ਦੀ ਲੋੜ ਹੈ ਜਾਂ ਤੁਹਾਨੂੰ ਅਨੁਵਾਦ ਦੀ ਲੋੜ ਹੈ, ਤਾਂ ਕ੍ਰਿਪਾ ਕਰਕੇ ਅਨੁਵਾਦ ਅਤੇ ਦੁਭਾਸ਼ੀਆ ਸੇਵਾ (TIS) ਨੂੰ 13 14 50 ਤੇ ਫੋਨ ਕਰੋ।

ਦੂਜੀਆਂ ਭਾਸ਼ਾਵਾਂ ਵਿੱਚ ਇਸ ਇਸ਼ਤਿਹਾਰ ਨੂੰ ਪ੍ਰਾਪਤ ਕਰਨ ਲਈ, ਅਤੇ ਦੂਜੀ ਬਹੁ-ਭਾਸ਼ੀ ਸਿਹਤ ਜਾਣਕਾਈ ਲਈ, www.mhcs.health.nsw.gov.au ਵੇਖੋ।